Print Fact Sheet

OWA
OFFICE OF THE WORKER ADVISER

BUREAU DES CONSEILLERS DES TRAVAILLEURS
BCT

Ontario

# ਕੀ ਕੰਮ 'ਤੇ ਜ਼ਖ਼ਮੀ ਹੋਏ ਹੋ?

## Office of the Worker Adviser (ਕਰਮਚਾਰੀਆਂ ਦੇ ਸਲਾਹਕਾਰ ਦੇ ਦਫ਼ਤਰ) ਤੋਂ ਮਦਦ ਲੈਣੀ

### Office of the Worker Adviser (ਕਰਮਚਾਰੀਆਂ ਦੇ ਸਲਾਹਕਾਰ ਦਾ ਦਫ਼ਤਰ) (OWA) ਕੀ ਹੈ?

ਕਰਮਚਾਰੀਆਂ ਦੇ ਸਲਾਹਕਾਰ ਦਾ ਦਫ਼ਤਰ ਓਨਟਾਰੀਓ ਦੀ Ministry of Labour (ਕਿਰਤ ਮੰਤਰਾਲੇ) ਦੀ ਇਕ ਸੁਤੰਤਰ ਏਜੰਸੀ ਹੈ। ਅਸੀਂ ਕੰਮ ਦੇ ਸਥਾਨ 'ਤੇ ਜ਼ਖ਼ਮੀ ਹੋਣ ਵਾਲੇ ਗ਼ੈਰ-ਯੂਨੀਅਨ ਸੰਗਠਤ ਕਰਮਚਾਰੀਆਂ ਦੇ ਇਨਸ਼ੋਅਰੈਂਸ ਸੰਬੰਧੀ ਕੇਸਾਂ ਵਿੱਚ (ਜਿਸਨੂੰ ਪਹਿਲਾਂ ਕਰਮਚਾਰੀਆਂ ਲਈ ਮੁਆਵਜ਼ਾ ਕਿਹਾ ਜਾਂਦਾ ਸੀ) ਅਤੇ ਕੰਮ ਨਾਲ ਸੰਬੰਧਤ ਚੋਟ ਜਾਂ ਬੀਮਾਰੀ ਕਾਰਨ ਮਰਨ ਵਾਲੇ ਕਰਮਚਾਰੀਆਂ ਦੇ ਪਿਛੇ ਰਹਿ ਗਏ ਸੰਬੰਧੀਆਂ ਨੂੰ ਮੁਫ਼ਤ ਸੇਵਾਵਾਂ ਪ੍ਰਦਾਨ ਕਰਦੇ ਹਾਂ। OWA, Workplace Safety and Insurance Board (ਕੰਮ ਦੇ ਸਥਾਨ 'ਤੇ ਸੁਰੱਖਿਆ ਅਤੇ ਇਨਸ਼ੋਅਰੈਂਸ ਬੋਰਡ (WSIB) ਦਾ ਹਿੱਸਾ ਨਹੀਂ ਹੈ।

### OWA ਕਿਵੇਂ ਤੁਹਾਡੀ ਮਦਦ ਕਰ ਸਕਦਾ ਹੈ?

ਜੇਕਰ ਤੁਸੀਂ ਜ਼ਖ਼ਮੀ ਹੋਏ ਕਰਮਚਾਰੀ ਹੋ, ਜਾਂ ਕਿਸੇ ਮਰਹੂਮ ਕਰਮਚਾਰੀ ਦੇ ਪਿਛੇ ਰਹਿ ਗਏ ਸੰਬੰਧੀ ਹੋ, ਤਾਂ OWA ਇਹ ਇਹ ਕੰਮ ਕਰ ਸਕਦਾ ਹੈ:

- WSIB ਜਾਂ Workplace Safety and Insurance Appeals Tribunal (ਕੰਮ ਦੇ ਸਥਾਨ 'ਤੇ ਸੁਰੱਖਿਆ ਅਤੇ ਇਨਸ਼ੋਅਰੈਂਸ ਅਪੀਲਾਂ ਦੇ ਟ੍ਰਿਬਿਊਨਲ (WSIAT) ਵਿੱਚ ਤੁਹਾਡੀ ਅਪੀਲ ਦੇ ਸੰਬੰਧ ਵਿੱਚ ਤੁਹਾਡੀ ਨੁਮਾਇੰਦਗੀ ਕਰਨਾ,
- ਕੰਮ ਦੇ ਸਥਾਨ 'ਤੇ ਇਨਸ਼ੋਅਰੈਂਸ ਦੀਆਂ ਸਾਂਝੀਆਂ ਸਮੱਸਿਆਵਾਂ ਬਾਰੇ ਸਲਾਹ ਅਤੇ ਲਿਖਤੀ ਸਮੱਗਰੀ ਦੇਣਾ,
- ਹੋਰ ਥਾਵਾਂ ਬਾਰੇ ਸੂਚਨਾ ਦੇਣਾ ਜਿਥੇ ਤੁਹਾਨੂੰ ਮਦਦ ਮਿਲ ਸਕਦੀ ਹੈ,

OWA, ਕਰਮਚਾਰੀਆਂ ਅਤੇ ਉਨ੍ਹਾਂ ਦੇ ਪ੍ਰਤਿਨਿਧਾਂ ਨੂੰ ਕਾਰਜ-ਸਥਾਨ ਦੇ ਇਨਸ਼ੋਅਰੈਂਸ ਮੁੱਦਿਆਂ ਬਾਰੇ ਸਿਖਿਆ ਸੇਵਾਵਾਂ ਵੀ ਪ੍ਰਦਾਨ ਕਰਦਾ ਹੈ।

### ਕੀ OWA Services (ਓ ਡਬਲਿਊ ਏ ਸੇਵਾਵਾਂ) ਲਈ ਕੁਝ ਚਾਰਜ ਕੀਤਾ ਜਾਂਦਾ ਹੈ?

ਨਹੀਂ। OWA ਬਿਨਾਂ ਕੋਈ ਚਾਰਜ ਲਏ ਤੁਹਾਡੀ ਮਦਦ ਕਰਦਾ ਹੈ।

### OWA ਤੋਂ ਕੌਣ ਮਦਦ ਲੈ ਸਕਦਾ ਹੈ?

OWA ਉਨ੍ਹਾਂ ਸਾਰੇ ਕਰਮਚਾਰੀਆਂ ਦੀ ਮਦਦ ਕਰਦਾ ਹੈ, ਜੋ ਕਿਸੇ ਟਰੇਡ ਯੂਨਿਅਨ ਦੇ ਮੈਂਬਰ ਨਹੀਂ ਹਨ। ਕਾਨੂੰਨ ਅਨੁਸਾਰ OWA, ਯੂਨੀਅਨਾਂ ਦੇ ਮੈਂਬਰਾਂ ਨੂੰ ਸੇਵਾਵਾਂ ਪ੍ਰਦਾਨ ਨਹੀਂ ਕਰ ਸਕਦਾ।

ਜੇਕਰ ਤੁਸੀਂ ਕਿਸੇ ਯੂਨੀਅਨ ਦੇ ਮੈਂਬਰ ਹੋ, ਤਾਂ OWA:

- ਤੁਹਾਡੇ ਕੇਸ ਵਿੱਚ ਕਾਰਵਾਈ ਵਾਸਤੇ ਸਮੇਂ ਦੀ ਕਿਸੇ ਸੀਮਾਂ ਬਾਰੇ ਜਾਣਕਾਰੀ ਦੇਵੇਗਾ,
- ਤੁਹਾਨੂੰ, ਮਦਦ ਲਈ ਫਿਰ ਤੁਹਾਡੀ ਯੂਨੀਅਨ ਕੋਲ ਭੇਜੇਗਾ।

### ਕਿਸੇ ਯੂਨੀਅਨ ਦਾ ਮੈਂਬਰ ਕੌਣ ਹੈ?

OWA ਤੁਹਾਨੂੰ ਇਕ ਯੂਨੀਅਨ ਦਾ ਮੈਂਬਰ ਸਮਝਦਾ ਹੈ, ਜੇਕਰ ਤੁਸੀਂ ਕਿਸੇ ਯੂਨੀਅਨ-ਸੰਗਠਤ ਕਾਰਜ-ਸਥਾਨ ਦੀ ਇਕ ਸੌਦਾਬਾਜ਼ੀ ਕਰ ਸਕਣ ਵਾਲੀ ਯੂਨਿਟ ਦੇ ਮੈਂਬਰ ਹੋ ਅਤੇ ਤੁਸੀਂ ਉਸ ਕਾਰਜ-ਸਥਾਨ 'ਤੇ ਜ਼ਖ਼ਮੀ ਹੋਏ ਹੋ।

OWA ਤੁਹਾਡੀ ਮਦਦ ਕਰ ਸਕੇਗਾ, ਜੇਕਰ:

- ਤੁਸੀਂ ਕਿਸੇ ਯੂਨੀਅਨ-ਸੰਗਠਤ ਕਾਰਜ ਸਥਾਨ 'ਤੇ ਜ਼ਖ਼ਮੀ ਹੋਏ ਹੋ, ਪਰ ਹੁਣ ਤੁਸੀਂ ਇਕ ਗ਼ੈਰ-ਯੂਨੀਅਨ ਸੰਗਠਤ ਕਾਰਜ-ਸਥਾਨ 'ਤੇ ਕੰਮ ਕਰਦੇ ਹੋ
- ਤੁਸੀਂ ਕਿਸੇ ਯੂਨੀਅਨ-ਸੰਗਠਤ ਕਾਰਜ ਸਥਾਨ ਤੋਂ ਰਿਟਾਇਰ ਹੋਏ ਹੋ, ਅਸਤੀਫ਼ਾ ਦਿਤਾ ਹੈ ਜਾਂ ਨੌਕਰੀ ਛਡ ਦਿਤੀ ਹੈ
- ਤੁਹਾਨੂੰ ਕਾਰਜ-ਸਥਾਨ ਤੋਂ ਆਰਜ਼ੀ ਤੌਰ 'ਤੇ ਹਟਾ ਦਿਤਾ ਗਿਆ ਸੀ, ਜਾਂ ਉਥੋਂ ਤੁਹਾਡੀ ਨੌਕਰੀ ਖੁਸ ਗਈ ਸੀ (ਪਰ ਜੇ ਤੁਸੀਂ ਮੁੜ ਉਹ ਮੁਲਾਜ਼ਮਤ ਪ੍ਰਾਪਤ ਕਰਨ ਲਈ ਮਦਦ ਮੰਗ ਰਹੇ ਹੋ, ਤਾਂ ਹੋਰ ਗਲ ਹੈ),
- ਤੁਸੀਂ ਹੁਣ ਇਕ ਯੂਨੀਅਨ-ਸੰਗਠਤ ਕਾਰਜ-ਸਥਾਨ 'ਤੇ ਕੰਮ ਕਰ ਰਹੇ ਹੋ, ਪਰ ਤੁਹਾਡਾ ਕਲੇਮ ਉਸ ਚੋਟ ਬਦਲੇ ਹੈ, ਜਿਹੜੀ ਤੁਹਾਨੂੰ ਕਿਸੇ ਹੋਰ ਰੋਜ਼ਗਾਰਦਾਤਾ ਕੋਲ ਕੰਮ ਕਰਦਿਆਂ ਲਗੀ ਸੀ,

- ਤੁਸੀਂ ਇਕ ਕੰਮ ਦੀ ਇੰਤਜ਼ਾਰ ਕਰਨ ਵਾਲਿਆਂ ਦੀ ਲਿਸਟ ਵਿੱਚ ਹੋ, ਪਰ ਪਿਛਲੇ ੧੨ ਮਹੀਨਿਆਂ ਦੌਰਾਨ ਤੁਸੀਂ ਕੰਮ ਨਹੀਂ ਕੀਤਾ,
- ਤੁਸੀਂ ਕਿਸੇ ਯੂਨੀਅਨ ਦੇ ਮੈਂਬਰ ਕਰਮਚਾਰੀ ਦੇ ਸੱਕੇ ਸੰਬੰਧੀ ਹੋ, ਜੋ ਕਿਸੇ ਕਾਰਜ-ਸਥਾਨ 'ਤੇ ਲਗੀ ਚੋਟ ਜਾਂ ਬੀਮਾਰੀ ਦੇ ਨਤੀਜੇ ਵਜੋਂ ਮਰਿਆ, ਪਰ ਯੂਨੀਅਨ ਹੁਣ ਤੁਹਾਡੀ ਮਦਦ ਨਹੀਂ ਕਰ ਸਕਦੀ।

## ਤੁਸੀਂ OWA ਤੋਂ ਕਿਵੇਂ ਮਦਦ ਪ੍ਰਾਪਤ ਕਰ ਸਕਦੇ ਹੋ ?

ਕਿਸੇ ਅਜਿਹੇ ਵਿਅਕਤੀ ਨਾਲ ਗਲ ਕਰਨ ਲਈ ਜੋ ਤੁਹਾਨੂੰ ਟੈਲੀਫ਼ੋਨ 'ਤੇ ਸਲਾਹ ਦੇ ਸਕਦਾ ਹੈ, ਤੁਸੀਂ ਕੈਨੇਡਾ ਭਰ ਵਿੱਚ ਸਾਡੀ ਕਰ ਮੁਕਤ ਲਾਈਨ **1-800-435-8980** 'ਤੇ ਅੰਗਰੇਜ਼ੀ ਵਿੱਚ, ਜਾਂ **1-800-661-6365** 'ਤੇ ਫ਼ਰੈਂਚ ਵਿੱਚ ਸੰਪਰਕ ਕਰ ਸਕਦੇ ਹੋ। ਤੁਹਾਨੂੰ ਆਪਣੇ ਆਪ ਸਭ ਤੋਂ ਨੇੜੇ ਦੇ OWA ਦਫ਼ਤਰ ਨਾਲ ਕੁਨੈਕਟ ਕਰ ਦਿਤਾ ਜਾਏਗਾ, ਜੇਕਰ ਉਹ ਦਫ਼ਤਰ ਉਥੇ ਹੋਇਆ। ਜਦੋਂ ਤੁਸੀਂ ਫ਼ੋਨ ਕਰੋ, ਤਾਂ ਤੁਹਾਡੇ ਕੋਲ ਇਹ ਸੂਚਨਾ ਤਿਆਰ ਹੋਣੀ ਚਾਹੀਦੀ ਹੈ:

- ਤੁਹਾਡਾ WSIB ਕਲੇਮ ਨੰਬਰ ਜਾਂ WSIAT ਅਪੀਲ ਨੰਬਰ,
- ਤੁਹਾਡੇ ਹਾਦਸੇ ਦੀ ਮਿਤੀ,
- ਤੁਹਾਡੀ ਚੋਟ ਕਿਸਤਰ੍ਹਾਂ ਦੀ ਹੈ,
- ਚੋਟ ਲਗਣ ਸਮੇਂ ਤੁਹਾਡੇ ਰੋਜ਼ਗਾਰਦਾਤਾ ਦਾ ਨਾਂਅ,
- WSIB ਦਾ ਫ਼ੈਸਲਾ (ਫ਼ੈਸਲੇ) ਜਾਂ ਚਿਠੀ (ਚਿਠੀਆਂ) ਜਿਨ੍ਹਾਂ ਬਾਬਤ ਤੁਸੀਂ ਸੰਪਰਕ ਕਰ ਰਹੇ ਹੋ।

## OWA ਕਦੋਂ ਤੁਹਾਡੀਆਂ ਅਪੀਲਾਂ ਵਿੱਚ ਤੁਹਾਡੀ ਨੁਮਾਇੰਦਗੀ ਕਰੇਗਾ?

OWA ਤੁਹਾਡੀ ਨੁਮਾਇੰਦਗੀ WSIB ਕੋਲ ਤੁਹਾਡੀਆਂ ਅਪੀਲਾਂ ਦੇ ਸੰਬੰਧ ਵਿੱਚ ਅਤੇ WSIAT ਕੋਲ ਅਪੀਲ ਦੇ ਅਖ਼ੀਰਲੇ ਪੜਾਅ 'ਤੇ ਕਰ ਸਕਦਾ ਹੈ। ਤੁਹਾਡੀ ਨੁਮਾਇੰਦਗੀ ਲਈ ਸਾਡੀ ਯੋਗਤਾ ਸਾਡੇ ਵਸੀਲਿਆਂ ਅਤੇ ਤੁਹਾਡੀ ਸਮੱਸਿਆ ਕਿਸ ਤਰ੍ਹਾਂ ਦੀ ਹੈ, ਉਸ ਉਤੇ ਨਿਰਭਰ ਕਰਦੀ ਹੈ। ਭਾਵੇਂ ਅਸੀਂ ਤੁਹਾਡੀ ਨੁਮਾਇੰਦਗੀ ਕਰੀਏ ਯਾ ਨਾਂਹ, OWA ਸਟਾਫ਼ ਤੁਹਾਨੂੰ ਉਨ੍ਹਾਂ ਸਮਾਂ-ਸੀਮਾਵਾਂ ਦੀ ਨਿਸ਼ਾਨਦਹੀ ਕਰਨ ਵਿੱਚ ਮਦਦ ਕਰੇਗਾ, ਜਿਨ੍ਹਾਂ ਦਾ ਤੁਹਾਨੂੰ ਆਪਣੇ ਕੇਸ ਵਿੱਚ ਖ਼ਿਆਲ ਰਖਣਾ ਚਾਹੀਦਾ ਹੈ। ਅਸੀਂ ਤੁਹਾਡੀ WSIB ਜਾਂ WSIAT ਵਿੱਚ ਇਕ ਪਤੱਰ ਦਾਖ਼ਲ ਕਰਨ ਵਿੱਚ ਵੀ ਸਹਾਇਤਾ ਕਰਾਂਗੇ, ਜਿਸ ਦੁਆਰਾ ਤੁਹਾਡੇ ਅਪੀਲ ਕਰਨ ਦੇ ਅਧਿਕਾਰਾਂ ਦੀ ਰਖਿਆ ਦੀ ਕੋਸ਼ਿਸ਼ ਕੀਤੀ ਜਾਵੇਗੀ।

## ਕੀ OWA ਅੰਗਰੇਜ਼ੀ ਅਤੇ ਫ਼ਰੈਂਚ ਤੋਂ ਬਿਨਾਂ ਹੋਰ ਭਾਸ਼ਾਵਾਂ ਵਿੱਚ ਸੇਵਾਵਾਂ ਪ੍ਰਦਾਨ ਕਰਦਾ ਹੈ?

OWA ਮੁਖ ਤੋਰ 'ਤੇ ਅੰਗਰੇਜ਼ੀ ਅਤੇ ਫ਼ਰੈਂਚ ਵਿੱਚ ਸੇਵਾਵਾਂ ਪ੍ਰਦਾਨ ਕਰਦਾ ਹੈ। ਸਾਡੇ ਕੁਝ ਦਫ਼ਤਰ ਹੋਰ ਭਾਸ਼ਾਵਾਂ ਵਿੱਚ ਸੇਵਾਵਾਂ ਪ੍ਰਦਾਨ ਕਰ ਸਕਦੇ ਹਨ। ਪਰ ਸਾਡੀ ਸਮਰੱਥਾ ਸੀਮਤ ਹੈ।

ਇਸ ਕਰਕੇ, ਜੇ ਤੁਸੀਂ ਅੰਗਰੇਜ਼ੀ ਜਾਂ ਫ਼ਰੈਂਚ ਨਹੀਂ ਬੋਲਦੇ, ਤਾਂ ਇਹ ਜ਼ਰੂਰੀ ਹੈ ਕਿ ਜਦ ਤੁਸੀਂ OWA ਨੂੰ ਫ਼ੋਨ ਕਰੋ, ਤਾਂ ਕੋਈ ਅਜਿਹਾ ਵਿਅਕਤੀ ਜਿਸ 'ਤੇ ਤੁਸੀਂ ਭਰੋਸਾ ਕਰਦੇ ਹੋਵੋ, ਜਿਹੜਾ ਤੁਹਾਡੀ ਭਾਸ਼ਾ ਅਤੇ ਨਾਲ ਹੀ ਅੰਗਰੇਜ਼ੀ ਜਾਂ ਫ਼ਰੈਂਚ ਬੋਲਦਾ ਹੋਵੇ, ਮਦਦ ਕਰਨ ਲਈ ਤੁਹਾਡੇ ਨਾਲ ਹੋਵੇ। ਜੇਕਰ ਕਿਸੇ ਸੁਣਵਾਈ ਵੇਲੇ OWA ਤੁਹਾਡੀ ਨੁਮਾਇੰਦਗੀ ਕਰਨਾ ਮੰਨ ਲੈਂਦਾ ਹੈ, ਤਾਂ ਇਕ ਵਿਵਸਾਇਕ ਦੁਭਾਸ਼ੀਏ ਦਾ ਪ੍ਰਬੰਧ ਕੀਤਾ ਜਾ ਸਕਦਾ ਹੈ।

### ਜ਼ਰੂਰੀ ਸੂਚਨਾ

WSIAT ਦੇ ਫ਼ੈਸਲਿਆਂ ਵਿਰੁਧ ਅਪੀਲ ਕਰਨ ਦੀਆਂ ਸਮਾਂ ਸੀਮਾਵਾਂ ਹਨ। ਜੇ ਤੁਸੀਂ ਕਿਸੇ ਫ਼ੈਸਲੇ ਬਾਰੇ ਅਪੀਲ ਕਰਨੀ ਚਾਹੋ, ਤਾਂ ਜਿਨੀਂ ਛੇਤੀ ਹੋ ਸਕੇ, ਇਕ ਯੋਗਤਾ-ਪ੍ਰਾਪਤ ਨੁਮਾਇੰਦੇ ਨਾਲ ਸੰਪਰਕ ਕਰੋ। ਸਮਾਂ ਸੀਮਾਵਾਂ ਬਾਰੇ ਹੋਰ ਜਾਣਕਾਰੀ ਲਈ, OWA ਦੀਆਂ ਤਥਾਂ ਦੀਆਂ ਸ਼ੀਟਾਂ ਵੇਖੋ "Appealing to WSIB" (ਡਬਲਿਊ ਐਸ ਆਈ ਬੀ ਨੂੰ ਅਪੀਲ ਕਰਨਾ) ਅਤੇ "Appealing to WSIAT" (ਡਬਲਿਊ ਐਸ ਆਈ ਏ ਟੀ ਨ ਅਪੀਲ ਕਰਨਾ)।

**ਤਥਾਂ ਦੀ ਸ਼ੀਟ ਵਿੱਚ ਕੇਵਲ ਆਮ ਜਾਣਕਾਰੀ ਹੁੰਦੀ ਹੈ। ਇਹ ਕਾਨੂੰਨੀ ਦਸਤਾਵੇਜ਼ ਨਹੀਂ ਹੈ। ਕਾਨੂੰਨ ਕੀ ਕਹਿੰਦਾ ਹੈ, ਇਹ ਵੇਖਣ ਲਈ ਤੁਹਾਨੂੰ Workplace Safety and Insurance Act and WSIB policies (ਕਾਰਜ ਸਥਾਨ 'ਤੇ ਸੁਰੱਖਿਆ ਅਤੇ ਇਨਸ਼ੋਅਰੈਂਸ ਕਾਨੂੰਨ) ਅਤੇ ਡਬਲਿਊ ਐਸ ਆਈ ਬੀ ਪਾਲਿਸੀਆਂ ਦਾ ਅਧਿਐਨ ਕਰਨਾ ਚਾਹੀਦਾ ਹੈ। ਜੇਕਰ ਤੁਹਾਨੂੰ ਮਦਦ ਦੀ ਲੋੜ ਹੈ ਅਤੇ ਤੁਹਾਡੀ ਸਹਾਇਤਾ ਲਈ ਯੂਨੀਅਨ ਨਹੀਂ ਹੈ, ਤਾਂ ਕਰਮਚਾਰੀ ਸਲਾਹਕਾਰ ਦੇ ਦਫ਼ਤਰ ਨਾਲ ਸੰਪਰਕ ਕਰੋ:**

- ਸਾਡਾ ਕਰ ਮੁਕਤ ਟੈਲੀਫ਼ੋਨ ਨੰਬਰ ਹੈ 1-800-435-8980 (ਅੰਗਰੇਜ਼ੀ) ਜਾਂ 1-800-661-6365 (ਫ਼ਰੈਂਚ)
- ਜਾਂ ਸਾਡੇ ਵੈਬਸਾਈਟ http://www.owa.gov.on.ca 'ਤੇ ਜਾਉ

*ਤਥਾਂ ਬਾਰੇ ਇਹ ਸ਼ੀਟ ਅੰਗਰੇਜ਼ੀ ਅਤੇ ਫ਼ਰੈਂਚ ਵਿੱਚ ਵੀ ਮਿਲ ਸਕਦੀ ਹੈ।*

Ontario